## ਸ਼੍ਰੇਣੀ ਪਹਿਲੀ

## ਪੰਜਾਬੀ (ਪਹਿਲੀ ਭਾਸ਼ਾ)

## ਪਾਠ-ਕ੍ਰਮ

ਪ੍ਰਾਇਮਰੀ ਸ਼੍ਰੇਣੀਆਂ ਦੇ ਅੰਤ ਤੱਕ ਵਿਦਿਆਰਥੀ ਵਿੱਚ ਪੜ੍ਹਾਈ ਦਾ ਹੇਠ ਲਿਖਿਆ ਪੱਧਰ ਪ੍ਰਾਪਤ ਕਰਨ ਦਾ ਉਦੇਸ਼ ਧਿਆਨ ਵਿੱਚ ਰੱਖਿਆ ਜਾਵੇਗਾ :

1. ਪੜ੍ਹਨਾ

(ੳ) ਵਿਦਿਆਰਥੀ ਵਿੱਚ ਢੁਕਵੇਂ ਦਬਾਅ, ਠਹਿਰਾਅ ਤੇ ਤਾਨ ਨਾਲ਼ ਉੱਚੀ, ਸਾਫ਼, ਸਪਸ਼ਟ ਤੇ ਢੁਕਵੀਂ ਗਤੀ ਨਾਲ਼ ਪੜ੍ਹਨ ਦੀ ਯੋਗਤਾ ਪੈਦਾ ਕਰਨਾ ।

(ਅ) ਮੌਨ ਪਾਠ ਕਰਨ ਅਰਥਾਤ ਮੂੰਹ ਵਿੱਚ ਹੀ ਚੁੱਪ-ਚਾਪ ਪੜ੍ਹਨ ਦੀ ਯੋਗਤਾ ਪੈਦਾ ਕਰਨਾ।

2. ਗ੍ਰਹਿਣ ਕਰਨਾ

i. ਸੁਣ ਕੇ

(ੳ) ਧਿਆਨ ਨਾਲ਼ ਅਤੇ ਸਹੀ-ਸਹੀ ਸੁਣ ਕੇ ਸਮਝ ਸਕਣ ਦੀ ਸਮਰੱਥਾ ਦਾ ਵਿਕਾਸ ਕਰਨਾ।

ii. ਪੜ੍ਹ ਕੇ

(ੳ) ਧਿਆਨ ਨਾਲ਼ ਪੜ੍ਹ ਕੇ ਸਮਝ ਸਕਣ ਦੀ ਸਮਰੱਥਾ ਦਾ ਵਿਕਾਸ ਕਰਨਾ ।

(ਅ) ਸ਼ਬਦ-ਜੋੜਾਂ ਅਤੇ ਵਿਸਰਾਮ-ਚਿੰਨ੍ਹਾਂ ਅਨੁਸਾਰ ਪੜ੍ਹੀ ਗਈ ਸਮਗਰੀ ਦੇ ਭਾਵਾਂ ਨੂੰ ਸਮਝ ਸਕਣ ਦੀ ਯੋਗਤਾ ਪੈਦਾ ਕਰਨਾ।

3. ਪ੍ਰਗਟਾਅ

i. ਮੌਖਿਕ

(ੳ) ਸ਼ੁੱਧ, ਰਵਾਨੀ ਨਾਲ਼ ਬਿਨਾਂ ਝਿਜਕ ਤੋਂ ਬੋਲ ਸਕਣ ਦੀ ਯੋਗਤਾ ਪੈਦਾ ਕਰਨਾ ।

(ਅ) ਧੁਨੀਆਂ ਦਾ ਸਹੀ ਉਚਾਰਨ ਕਰਨ ਦੀ ਯੋਗਤਾ ਪੈਦਾ ਕਰਨਾ ।

(ੲ) ਵਿਆਕਰਨ ਦੇ ਪੱਖ ਤੋਂ ਸ਼ੁੱਧ, ਰਵਾਨੀ ਨਾਲ਼ ਅਤੇ ਬਿਨਾਂ ਝਿਜਕ ਤੋਂ ਬੋਲ ਸਕਣ ਦੀ ਸਮਰੱਥਾ ਪੈਦਾ ਕਰਨਾ ।

ii. ਲਿਖਤੀ

(ੳ) ਅੱਖਰਾਂ ਜਾਂ ਵਰਨਾਂ ਦੇ ਸਹੀ ਰੂਪ/ਆਕਾਰ ਨੂੰ ਲਿਖ ਸਕਣ ਦੀ ਯੋਗਤਾ ਪੈਦਾ ਕਰਨਾ ।

(ਅ) ਲਿਖਾਈ ਸੁੰਦਰ ਬਣਾਉਣ ਲਈ ਅੱਖਰਾਂ/ਸ਼ਬਦਾਂ ਅਤੇ ਸਤਰਾਂ ਵਿੱਚ ਇਕਸਾਰਤਾ ਰੱਖਣ ਦੀ ਯੋਗਤਾ ਪੈਦਾ ਕਰਨਾ ।

(ੲ) ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਕਰਦਿਆਂ ਆਪਣੇ ਵਿਚਾਰਾਂ ਨੂੰ ਸਪਸ਼ਟ ਤੇ ਢੁਕਵੇਂ ਰੂਪ ਵਿੱਚ ਲਿਖ ਕੇ ਪ੍ਰਗਟ ਕਰਨ ਦੀ ਯੋਗਤਾ ਪੈਦਾ ਕਰਨਾ ।

## ਪਹਿਲੀ ਸ਼੍ਰੇਣੀ (ਪਹਿਲੀ ਭਾਸ਼ਾ)

ਉਦੇਸ਼

1. ਪੜ੍ਹਨਾ

(ੳ) ਵਿਦਿਆਰਥੀ ਗੁਰਮੁਖੀ ਵਰਨ-ਮਾਲ਼ਾ ਦੇ ਅੱਖਰਾਂ ਨੂੰ ਪਛਾਣ ਸਕੇ ।

(ਅ) ਸਧਾਰਨ ਸੰਯੁਕਤ-ਅੱਖਰਾਂ ਨੂੰ ਜੋੜ ਕੇ ਪੜ੍ਹ ਸਕੇ ।

(ੲ) ਪੰਜਾਬੀ ਦੀਆਂ ਸਾਰੀਆਂ ਧੁਨੀਆਂ ਦਾ ਸਹੀ ਉਚਾਰਨ ਕਰ ਸਕੇ ।

(ਸ) ਪੰਜਾਬੀ ਦੀਆਂ 'ਗ,ਘ', 'ਜ,ਝ', 'ਡ,ਢ', 'ਦ,ਧ', 'ਬ,ਭ', 'ਵ,ਬ', 'ਣ,ਨ', 'ਸ,ਸ਼', 'ਜ,ਜ਼' 'ਲ,ਲ਼', ਆਦਿ ਉਚਾਰਨ ਪੱਖੋਂ ਲਗ-ਪਗ ਮਿਲ਼ਦੀਆਂ-ਜੁਲ਼ਦੀਆਂ ਧੁਨੀਆਂ ਦਾ ਆਪਸ ਵਿੱਚ ਨਿਖੇੜਾ ਕਰ ਸਕੇ ।

(ਹ) ਲਗਾਂ ਦੀ ਪਛਾਣ ਅਤੇ ਵਰਤੋਂ ਤੋਂ ਜਾਣੂ ਹੋ ਸਕੇ ।

(ਕ) ਸਰਲ ਸ਼ਬਦਾਂ ਤੇ ਸਧਾਰਨ ਵਾਕਾਂ ਨੂੰ ਸ਼ੁੱਧ ਪੜ੍ਹ ਸਕੇ ।

(ਖ) ਸਰਲ ਅਤੇ ਛੋਟੀਆਂ ਕਹਾਣੀਆਂ, ਕਵਿਤਾਵਾਂ ਅਤੇ ਕਥਨਾਂ ਆਦਿ ਨੂੰ ਪੜ੍ਹ ਸਕੇ ।

2. ਗ੍ਰਹਿਣ ਕਰਨਾ

(i) ਸੁਣ ਕੇ

(ੳ) ਵਿਦਿਆਰਥੀ ਅਧਿਆਪਕ ਵੱਲੋਂ ਦਿੱਤੀਆਂ ਜ਼ੁਬਾਨੀ ਹਿਦਾਇਤਾਂ ਨੂੰ ਸਮਝ ਸਕੇ ।

(ਅ) ਸਧਾਰਨ ਕਹਾਣੀਆਂ, ਕਵਿਤਾਵਾਂ, ਗੀਤਾਂ ਤੇ ਕਥਨਾਂ ਆਦਿ ਨੂੰ ਸੁਣ ਕੇ ਸਮਝ ਸਕੇ ।

(ੲ) ਘਰ, ਸਕੂਲ ਅਤੇ ਆਲ਼ੇ-ਦੁਆਲ਼ੇ ਵਿੱਚੋਂ ਸਿੱਖੀ ਹੋਈ ਸ਼ਬਦਾਵਲੀ ਤੋਂ ਇਲਾਵਾ 150-200 ਹੋਰ ਸ਼ਬਦ ਸਿੱਖ ਸਕੇ।

(ਸ) ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ ।

(ਹ) ਘਰ, ਗਲ਼ੀ-ਗੁਆਂਢ, ਸਕੂਲ ਆਦਿ ਵਿੱਚ ਸਧਾਰਨ ਗੱਲ-ਬਾਤ ਸੁਣ ਕੇ ਸਮਝ ਸਕੇ ।

(ii) **ਪੜ੍ਹ ਕੇ**

(ੳ) ਵਿਦਿਆਰਥੀ ਪੰਜਾਬੀ ਵਰਨ-ਮਾਲ਼ਾ ਦੇ ਅੱਖਰਾਂ ਅਤੇ ਲਗਾਂ ਨੂੰ ਪਛਾਣ ਕੇ ਪੜ੍ਹ ਸਕੇ ।

(ਅ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿੱਚੋਂ ਪੁੱਛੇ ਗਏ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ।

3. ਪ੍ਰਗਟਾਅ

(i) **ਮੌਖਿਕ**

(ੳ) ਵਿਦਿਆਰਥੀ ਨਿਯਤ ਪਾਠ-ਪੁਸਤਕਾਂ ਦੇ ਪਾਠ ਬੋਲ ਕੇ ਸਹੀ ਪੜ੍ਹ ਸਕੇ।

(ਅ) ਆਪਣੇ ਸਾਥੀਆਂ ਅਤੇ ਅਧਿਆਪਕਾਂ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ।

(ੲ) ਘਰ ਅਤੇ ਸਕੂਲ ਤੋਂ ਬਾਹਰ ਵੀ ਕਿਸੇ ਨਾਲ਼ ਗੱਲ-ਬਾਤ ਕਰ ਸਕੇ।

(ਸ) ਆਪਣੀਆਂ ਲੋੜਾਂ ਬਾਰੇ ਦੱਸ ਸਕੇ ।

(ਹ) ਇੱਕਲਿਆਂ ਜਾਂ ਰਲ਼ ਕੇ ਲੋਰੀਆਂ, ਬਾਲ-ਗੀਤ ਆਦਿ ਗਾ ਸਕੇ ।

(ii) **ਲਿਖਤੀ**

(ੳ) ਵਿਦਿਆਰਥੀ ਵਰਨ -ਮਾਲ਼ਾ ਦੇ ਸਾਰੇ ਚਿੰਨ੍ਹਾਂ ਨੂੰ ਸਹੀ ਲਿਖ ਸਕੇ।

(ਅ) ਅੱਖਰਾਂ, ਲਗਾਂ ਆਦਿ ਨੂੰ ਠੀਕ ਆਕਾਰ ਵਿੱਚ ਲਿਖ ਸਕੇ।

(ੲ) ਬਲੈਕ-ਬੋਰਡ ਅਤੇ ਪਾਠ-ਪੁਸਤਕਾਂ ਵਿੱਚੋਂ ਸ਼ਬਦਾਂ, ਵਾਕਾਂਸ਼ਾਂ ਅਤੇ ਵਾਕਾਂ ਨੂੰ ਦੇਖ ਕੇ ਲਿਖ ਸਕੇ।

(ਸ) ਅੱਖਰਾਂ, ਸ਼ਬਦਾਂ, ਵਾਕਾਂ/ਸਤਰਾਂ ਵਿਚਕਾਰ ਲੁੜੀਂਦੀ ਵਿੱਥ ਰੱਖ ਸਕੇ ਤਾਂਜੋ ਉਸ ਦੁਆਰਾ ਲਿਖਿਆ ਸਪਸ਼ਟ ਪੜ੍ਹਿਆ ਜਾ ਸਕੇ।

(ਹ) ਠੀਕ ਢੰਗ ਨਾਲ਼ ਬੈਠ ਕੇ ਲਿਖ ਸਕੇ।

(ਕ) ਲਿਖਣ ਲਈ ਪੈੱਨਸਿਲ, ਕਲਮ, ਸਲੇਟ, ਕਾਪੀ, ਫੱਟੀ ਆਦਿ ਲਿਖਣ- ਸਮਗਰੀ ਦੀ ਵਰਤੋਂ ਠੀਕ ਢੰਗ ਨਾਲ਼ ਕਰ ਸਕੇ।

ਨਿਰਧਾਰਿਤ ਪਾਠ-ਪੁਸਤਕ-

1. ਪੰਜਾਬੀ ਪੁਸਤਕ-1
(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)